# ਹੀਂਉ ਅਰਾਪਉਂ ਦੇਹੁ ਸਦੇਸਾ

ਇਹ ਸ਼ਬਦ, ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਦਾ, ਸਾਰੰਗ ਰਾਗ ਵਿਚ ਉਚਾਰਣ ਕੀਤੇ, ਛੰਤ ਦਾ ਤੀਜਾ ਪਦਾ ਹੈ, ਜੋ ਪੰਨਾ ੧੨੩੭ ਤੇ ਸੁਭਾਇਮਾਨ ਹੈ। ਛੰਤ, ਇਕ ਕਾਵਿ ਰੂਪ ਹੈ, ਇਸ ਨੂੰ ਛੰਦ ਵੀ ਕਹਿੰਦੇ ਹਨ। ਗੁਰਬਾਣੀ ਵਿਚ ਇਹ ਕਈ ਪ੍ਰਕਾਰ ਦੇ ਮਿਲਦੇ ਹਨ।

**ਪੂਛਉ ਸੰਤ ਮੇਰੋ ਠਾਕੁਰੁ ਕੈਸਾ।। ਹੀਂਉ ਅਰਾਪਉਂ ਦੇਹੁ ਸਦੇਸਾ।।**

ਇਸ ਪਦੇ ਵਿਚ ਸਾਧੂ ਨੂੰ, ਸੰਤ ਨੂੰ ਪ੍ਰਭੂ ਨਾਲ ਮਿਲਾਉਣ ਲਈ ਵਿਚੋਲਾ ਮੰਨ ਕੇ, ਇਸ ਕਾਰਜ ਲਈ, ਉਸ ਅਗੇ ਅਰਜੋਈ ਕੀਤੀ ਗਈ ਹੈ।

-- ਜੀਵ ਇਸਤਰੀ ਸੰਤ ਨੂੰ ਪੁਛਦੀ ਹੈ ਕਿ ਮੈਨੂੰ ਦਸੋ ਕਿ ਮੇਰਾ ਠਾਕੁਰ, ਮਾਲਕ ਪ੍ਰਭੂ ਕਿਹੋ ਜਿਹਾ ਹੈ। ਮੈਂ ਆਪਣਾ ਹਿਰਦਾ, ਮਨ ਉਸ ਦੇ ਅਰਪਣ ਕਰਦੀ ਹਾਂ, ਉਹ, ਮੈਨੂੰ, ਮੇਰੇ ਉਸ ਪ੍ਰੀਤਮ ਦਾ ਸੁਨੇਹਾ ਦੇ ਦਏ।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੧੧੧੧ ਤੇ, ਜੀਵ ਰੂਪੀ ਇਸਤਰੀ ਦਾ ਪ੍ਰਭੂ ਪ੍ਰੇਮ ਦਾ ਵਲਵਲਾ ਬੜੇ ਸੁੰਦਰ ਸ਼ਬਦਾਂ ਵਿਚ ਦਸਦੇ ਹਨ ਕਿ ਸਾਜਨ ਪ੍ਰਭੂ ਮੇਰੇ ਤੋਂ ਦੂਰ, ਦੇਸ-ਬਦੇਸ ਗਿਆ ਹੋਇਆ ਹੈ, ਮੈਂ ਉਸ ਤੋਂ ਵਿਛੜੀ ਹੋਈ, ਉਸ ਨਾਲ ਮਿਲਾਪ ਦੀ ਚਾਹਵਾਨ, ਉਸ ਨੂੰ ਸੁਨੇਹੜੇ, ਸੰਦੇਸ਼ ਭੇਜਦੀ ਹਾਂ। ਮੈਂ ਅਣਜਾਣ, ਉਸ ਦੀ ਵਿਛੜੀ ਹੋਈ ਸਖੀ, ਉਸ ਆਪਣੇ ਪ੍ਰੀਤਮ ਸਜਣ ਨੂੰ, ਨੇਤਰਾਂ ਵਿਚ ਹੰਝੂ ਭਰ ਕੇ ਉਸ ਨੂੰ ਮੁੜ ਮੁੜ ਯਾਦ ਕਰਦੀ ਹਾਂ, ਤੇਰੇ ਗੁਣਾਂ ਨੂੰ ਯਾਦ ਕਰਦੀ ਹਾਂ ਕਿ ਮੈਂ ਤੈਨੂੰ ਕਿਵੇਂ ਮਿਲਾਂ, ਤੈਨੂੰ, ਪਤੀ ਪ੍ਰੀਤਮ ਨੂੰ, ਪਾਰਲੇ ਪਾਸੇ ਮਿਲਣ ਜਾਣ ਲਈ, ਪੰਧ ਬਹੁਤ ਔਖਾ ਹੈ- 'ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ।। ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ।। ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ।। ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ।।'

ਸ੍ਰੀ ਗੁਰੂ ਅਰਜਨ ਸਾਹਿਬ ਉਸ ਮਿਤਰ ਪਿਆਰੇ ਨੂੰ ਆਪਣਾ ਸਿਰ ਵੀ ਅਰਪਣ ਕਰ ਦੇਣ ਦਾ ਉਪਦੇਸ਼ ਦਿੰਦੇ ਹਨ ਜੋ ਪ੍ਰਭੂ ਦਾ ਸੰਦੇਸ਼ਾ ਲਿਆ ਕੇ ਦਏ - 'ਹਉ ਸਿਰੁ ਅਰਪੀ ਤਿਸੁ ਮੀਤੁ ਪਿਆਰੇ ਜੋ ਪ੍ਰਭ ਦੇਇ ਸਦੇਸਾ।।', ਪੰਨਾ ੨੪੭. ਪਾਤਸ਼ਾਹ ਇਹ ਵੀ ਸਾਰਾ ਧਨ ਮਾਲ, ਆਪਣੀ ਜਿੰਦ, ਅਤੇ ਆਪਣਾ

ਹਿਰਦਾ ਸੌਂਪਣ ਨੂੰ ਬਚਨ ਕਰਦੇ ਹਨ ਕਿ ਜੋ ਮੇਰਾ ਅਜਿਹਾ ਮੀਤ, ਮੈਨੂੰ ਉਸ ਠਾਕੁਰ ਨੂੰ ਮਿਲਾ ਦਏ - 'ਸਗਲ ਸਮਗ੍ਰੀ ਜੀਉ ਹੀਉ ਦੇਉ ਅਰਪਉ ਅਪਨੋ ਚੀਤੁ।।', ਪੰਨਾ ੬੭੪. ਪੰਚਮ ਪਾਤਸ਼ਾਹ ਦੇ, ਪੰਨਾ ੧੩੦੫ ਤੇ ਬਚਨ ਹਨ ਕਿ ਜੋ ਸੰਤ ਮੈਨੂੰ, ਮੇਰੇ ਪ੍ਰੀਤਮ ਦਾ ਮਾਰਗ ਦਸ ਦਏ, ਜਿਸ ਨਾਲ ਮੈਨੂੰ ਮੇਰੇ ਪ੍ਰੀਤਮ ਦਾ ਦੀਦਾਰ ਹੋ ਜਾਏ ਤਾਂ ਮੈਂ ਅਜਿਹੇ ਸੰਤ ਦੇ ਚਰਣਾਂ ਦੀ ਧੂੜ ਬਣ ਜਾਵਾਂ ਅਤੇ ਇਸ ਵੱਟੇ, ਉਸ ਨੂੰ ਆਪਣਾ ਹਿਰਦਾ ਭੇਟਾ ਵਿਚ ਦੇ ਦਿਆਂ - 'ਐਸੀ ਕਉਨ ਬਿਧੇ ਦਰਸਨ ਪਰਸਨਾ।।.. ਹਰਿ ਸੰਤਨਾ ਕੀ ਰੇਨ।। ਹੀਉ ਅਰਪਿ ਦੇਨ।।'

**ਦੇਹੁ ਸਦੇਸਾ ਪ੍ਰਭ ਜੀਉ ਕੈਸਾ ਕਹ ਮੋਹਨ ਪਰਵੇਸਾ।।**

-- ਸੰਤ ਮੈਨੂੰ ਦਸ ਦੇਣ, ਮੈਨੂੰ ਸੰਦੇਸ਼ਾ ਦੇ ਦੇਣ ਕਿ ਪ੍ਰਭੂ ਕਿਹੋ ਜਿਹਾ ਹੈ, ਉਸ ਦਾ ਸਰੂਪ ਕਿਹੋ ਜਿਹਾ ਹੈ, ਉਹ ਮਨ ਨੂੰ ਮੋਹ ਲੈਣ ਵਾਲਾ ਪ੍ਰੀਤਮ ਕਿਥੇ ਰਹਿੰਦਾ ਹੈ, ਉਸ ਦੇ ਦੇਸ ਵਿਚ ਕਿਵੇਂ ਪਰਵੇਸ਼ ਹੋਇਆ ਜਾਵੇ, ਜਾਂ ਉਹ ਸਾਡੇ ਹਿਰਦੇ ਵਿਚ ਕਿਵੇਂ ਪਰਵੇਸ਼ ਕਰਦਾ ਹੈ।

ਸ੍ਰੀ ਗੁਰੂ ਰਾਮਦਾਸ ਸਾਹਿਬ, ਇਸੇ ਤਰਜ਼ ਤੇ ਫ਼ੁਰਮਾਣ ਕਰਦੇ ਹਨ ਕਿ ਕੋਈ ਆ ਕੇ ਪ੍ਰਭੂ ਦਾ ਸੰਦੇਸ਼ਾ ਲਿਆ ਕੇ ਦਏ ਤਾਂ ਹਿਰਦੇ ਅਤੇ ਤਨ ਨੂੰ ਬਹੁਤ ਮਿਠਾ ਲਗਦਾ ਹੈ ਅਤੇ ਮੈਂ ਆਪਣਾ ਮਸਤਕ ਕਟ ਕੇ ਉਸ ਦੇ ਚਰਣਾਂ ਥਲੇ ਰਖ ਦਿਆਂ ਜਿਹੜਾ ਮੇਰੇ ਹਰੀ ਪ੍ਰਭੂ ਨਾਲ ਮੇਰਾ ਮੇਲ ਮਿਲਾ ਦਏ - 'ਕੋਈ ਆਣਿ ਸਦੇਸਾ ਦੇਇ ਪ੍ਰਭ ਕੇਰਾ ਰਿਦ ਅੰਤਰਿ ਮਨਿ ਤਨਿ ਮੀਠ ਲਗਈਆ।। ਮਸਤਕੁ ਕਾਟਿ ਦੇਉ ਚਰਣਾ ਤਲਿ ਜੋ ਹਰਿ ਪ੍ਰਭੁ ਮੇਲੇ ਮੇਲਿ ਮਿਲਈਆ।।', ਪੰਨਾ ੮੩੬.

**ਅੰਗ ਅੰਗ ਸੁਖਦਾਈ ਪੂਰਨ ਬ੍ਰਹਮਾਈ ਥਾਨ ਥਾਨੰਤਰ ਦੇਸਾ।।**

-- ਸੰਤ ਜੀ ਦਾ ਉਤਰ ਮਿਲਦਾ ਹੈ ਕਿ ਸਿਰਫ਼ ਉਹ ਪੂਰਨ ਬ੍ਰਹਮ, ਅੰਗ ਅੰਗ ਨੂੰ ਸੁਖ ਦੇਣ ਵਾਲਾ ਹੈ, ਸੁਖਾਂ ਦਾ ਦਾਤਾ ਹੈ, ਉਹ ਸਭ ਥਾਈਂ, ਸਾਰੀ ਕਾਇਨਾਤ ਵਿਚ ਵਿਆਪਕ ਹੈ, ਸਭ ਥਾਵਾਂ ਤੇ ਅਤੇ ਸਭ ਦੇ ਅੰਦਰ ਵੀ ਮੌਜੂਦ ਹੈ।

ਪੰਜਵੇਂ ਪਾਤਸ਼ਾਹ ਦੇ, ਪੰਨਾ ੫੨੯ ਤੇ ਵਾਕ ਹਨ ਕਿ ਉਹ ਪ੍ਰਭੂ, ਪੂਰਨ ਹੈ, ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਸਾਰੇ ਸੁਖ ਪ੍ਰਦਾਨ ਕਰਨ ਵਾਲਾ ਹੈ ਅਤੇ ਉਹ ਮੇਰੀਆਂ ਨਿਆਣਪੁਣੇ ਵਾਲੀਆਂ ਹਰਕਤਾਂ ਵੀ ਸਹਾਰਦਾ ਹੈ - 'ਸੁਖਦਾਈ ਪੂਰਨ ਪ੍ਰਭੁ ਕਰਤਾ ਮੇਰੀ ਬਹੁਤੁ ਇਆਨਪ ਜਰਤ।।' ਮਹਾਰਾਜ ਹੋਰ ਫ਼ੁਰਮਾਣ ਕਰਦੇ ਹਨ

ਕਿ ਉਹ ਸੋਹਣਾ ਲਾਲ, ਗੁਣਾਂ ਦਾ ਖ਼ਜ਼ਾਨਾ, ਮਨ ਨੂੰ ਮੋਹਣ ਵਾਲਾ ਸੁਖਦਾਈ ਹੈ ਜੋ ਹਰ ਥਾਂ ਮੌਜੂਦ ਹੈ - 'ਗੁਣ ਨਿਧਾਨ ਮਨਮੋਹਨ ਲਾਲਨ ਸੁਖਦਾਈ ਸਰਬਾਂਗੈ।।', ਪੰਨਾ ੧੨੧੦. ਉਹ ਹਰ ਥਾਂ ਵਿਆਪਕ ਹੈ ਜੋ ਸਾਰਿਆਂ ਨੂੰ ਪਾਲਣ ਵਾਲਾ ਹੈ - 'ਥਾਨ ਥਨੰਤਰਿ ਰਵਿ ਰਹਿਆ ਸਰਬ ਜੀਆ ਪ੍ਰਤਿਪਾਲ ਜੀਉ।।', ਪੰਨਾ ੭੬੦.

**ਬੰਧਨ ਤੇ ਮੁਕਤਾ ਘਟਿ ਘਟਿ ਜੁਗਤਾ ਕਹਿ ਨ ਸਕਉ ਹਰਿ ਜੈਸਾ।।**

-- ਸੰਤ ਅਗੋਂ ਦਸਦੇ ਹਨ ਕਿ ਉਹ ਪ੍ਰਭੂ, ਸਾਰੇ ਬੰਧਨਾਂ ਤੋਂ ਮੁਕਤ ਹੈ, ਹਰ ਮਨ ਵਿਚ ਉਸੇ ਦੀ ਹੀ ਜੁਗਤੀ ਚਲਦੀ ਹੈ, ਕੋਈ ਵੀ ਉਸ ਬਾਰੇ ਕਹਿ ਨਹੀਂ ਸਕਦਾ ਕਿ ਉਹ ਕਿਹੋ ਜਿਹਾ ਹੈ, ਕਿਸ ਵਰਗਾ ਹੈ, ਕਿਉਂਕਿ ਉਹ ਕਿਸੇ ਵਰਗਾ ਵੀ ਨਹੀਂ ਹੈ।

ਸ੍ਰੀ ਗੁਰੂ ਰਾਮਦਾਸ ਸਾਹਿਬ, ਪੰਨਾ ੯੭੬ ਤੇ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਦੀ ਵਡਿਆਈ ਪ੍ਰਭੂ ਆਪ ਹੀ ਜਾਣਦਾ ਹੈ, ਅਸੀਂ ਉਸ ਦੇ ਗੁਣ ਨਹੀਂ ਕਹਿ ਸਕਦੇ। ਜਿਹੋ ਜਿਹਾ ਉਹ ਹੈ, ਉਹੋ ਜਿਹਾ ਉਹ ਆਪ ਹੀ ਹੈ, ਉਹ ਆਪ ਹੀ ਆਪਣੇ ਗੁਣ ਜਾਣਦਾ ਹੈ - 'ਤੁਮਰੀ ਉਪਮਾ ਤੁਮ ਹੀ ਪ੍ਰਭ ਜਾਨਹੁ ਹਮ ਕਹਿ ਨ ਸਕਹਿ ਹਰਿ ਗੁਨੇ।। ਜੈਸੇ ਤੁਮ ਤੈਸੇ ਪ੍ਰਭ ਤੁਮ ਹੀ ਗੁਨ ਜਾਨਹੁ ਪ੍ਰਭ ਅਪਨੇ।।'

ਪਾਤਸ਼ਾਹ, ਸ੍ਰੀ ਗੁਰੂ ਅਰਜਨ ਸਾਹਿਬ ਦੇ ਬਚਨ ਹਨ ਕਿ ਉਹ ਆਪ ਹੀ ਜੋਗ ਹੈ, ਸਾਰੀ ਜੁਗਤੀ ਵੀ ਉਹ ਆਪ ਹੀ ਹੈ, ਉਹ ਨਾਨਕ ਦਾ ਪ੍ਰਭੂ ਸਦਾ ਹੀ ਹਰ ਬੰਧਨ ਤੋਂ ਮੁਕਤ ਵੀ ਹੈ - 'ਆਪਹਿ ਜੋਗ ਆਪ ਹੀ ਜੁਗਤਾ।। ਨਾਨਕ ਕੇ ਪ੍ਰਭ ਸਦ ਹੀ ਮੁਕਤਾ।।', ਪੰਨਾ ੮੦੩.

**ਦੇਖਿ ਚਰਿਤ ਨਾਨਕ ਮਨੁ ਮੋਹਿਓ ਪੂਛੈ ਦੀਨੁ ਮੇਰੋ ਠਾਕੁਰੁ ਕੈਸਾ।।੩।।**

-- ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਉਸ ਠਾਕੁਰ ਪਰਮੇਸ਼ਰ ਦੇ ਅਜਬ ਕੌਤਕ ਦੇਖ ਕੇ ਮੇਰਾ ਮਨ ਮੋਹਿਆ ਗਿਆ ਹੈ, ਮੈਂ ਗਰੀਬ ਫ਼ਿਰ ਸੰਤ ਜੀ ਤੋਂ ਪੁਛਦਾ ਹਾਂ ਕਿ ਮੇਰਾ ਸੁਆਮੀ, ਠਾਕੁਰ ਕਿਹੋ ਜਿਹਾ ਹੈ !੩।

ਮਹਾਰਾਜ, ਇਸਦੀ ਵਿਆਖਿਆ ਕਰਦੇ ਹੋਏ, ੧੨੦੭ ਪੰਨੇ ਤੇ ਇੰਞ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਦੀਆਂ ਅਸਚਰਜ ਖੇਡਾਂ ਦੇਖ ਕੇ ਮੇਰੀ ਵਿਸਮਾਦ ਦੀ ਅਵੱਸਥਾ ਬਣ ਗਈ ਹੈ, ਨਾਲੇ, ਮੇਰੇ ਗੁਰੂ ਨੇ ਉਸ ਪਰਮ ਪੁਰਖ ਦੇ ਨਾਲ

ਮਿਲਾ ਦਿਤਾ ਹੈ। ਰੰਗ ਸਰੂਪ ਦਇਆਲ ਪ੍ਰਭੂ ਨੂੰ ਮੈਂ ਆਪਣੇ ਹਿਰਦੇ ਘਰ ਵਿਚ ਹੀ ਪ੍ਰਾਪਤ ਕਰ ਲਿਆ ਹੈ ਅਤੇ ਮੇਰੇ ਅੰਦਰੋਂ ਸਾਰੀ ਤ੍ਰਿਸ਼ਨਾ ਦੀ ਅੱਗ ਬੁਝ ਗਈ ਹੈ - 'ਦੇਖਿ ਚਰਿਤ੍ਰ ਭਈ ਹਉ ਬਿਸਮਨਿ ਗੁਰਿ ਸਤਿਗੁਰਿ ਪੁਰਖਿ ਮਿਲਾਈ।। ਪ੍ਰਭ ਰੰਗ ਦਇਆਲ ਮੋਹਿ ਗ੍ਰਿਹ ਮਹਿ ਪਾਇਆ ਜਨ ਨਾਨਕ ਤਪਤਿ ਬੁਝਾਈ।।'

ਮੈਂ ਸੰਤ ਜੀ ਤੋਂ ਪੁਛਦੀ ਸਾਂ, ਮੇਰਾ ਠਾਕੁਰ ਕਿਹੋ ਜਿਹਾ ਹੈ। ਉਨ੍ਹਾਂ ਨੇ ਮੈਨੂੰ ਮਿਲਾ ਕੇ ਦਿਖਾ ਦਿਤਾ ਹੈ ਕਿ ਮੇਰਾ ਠਾਕੁਰ ਇਹੋ ਜਿਹਾ ਹੈ।



20.10.2020